# AURAT DI SAMAJIK TRASDI DA MAHA-BIRTANT: YASHODHARA

# ਔਰਤ ਦੀ ਸਮਾਜਿਕ ਤ੍ਰਾਸਦੀ ਦਾ ਮਹਾਂ-ਬਿਰਤਾਂਤ: ਯਸ਼ੋਧਰਾ

**ਜਗਦੀਪ ਸਿੱਧੂ** (Jagdeep Sidhu) **ਡਾ. ਲਖਵੀਰ ਕੌਰ ਲੈਜ਼ੀਆ** (Dr. Lakhvir Kaur Lezia)
**ਖੋਜਾਰਥੀ** (Research Scholar) **ਨਿਗਰਾਨ** (Research Supervisor)
**ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ (ਪੰਜਾਬ)**
Email ID: sidhujagdeep290@gmail.com **ਮੋਬਾਈਲ**: +91- 98771-20774

**ABSTRACT**

*ਬਲਦੇਵ ਸਿੰਘ ਦਾ ਨਾਵਲ 'ਯਸ਼ੋਧਰਾ' ਔਰਤ ਦੀ ਸਮਾਜਿਕ ਤ੍ਰਾਸਦੀ ਨੂੰ ਦਰਸਾਉਂਦਾ ਹੈ। ਇਸ ਨਾਵਲ ਵਿੱਚ ਨਾਵਲਕਾਰ ਉਹਨਾਂ ਸਭ ਸਮਾਜਿਕ ਤੇ ਰਾਜਨੀਤਿਕ ਪ੍ਰਸੰਗਾਂ ਦਾ ਵਰਣਨ ਕਰਦਾ ਹੈ, ਜਿਹਨਾ ਤਹਿਤ ਔਰਤ ਨਾਲ ਸਦੀਆਂ ਤੋਂ ਧੱਕਾ ਹੁੰਦਾ ਆ ਰਿਹਾ ਹੈ। ਸਿਧਾਰਥ ਬੁੱਧ ਪਹਿਲਾ ਆਪਣੀ ਪਤਨੀ ਯਸ਼ੋਧਰਾ ਤੇ ਆਪਣੇ ਪੁੱਤਰ ਰਾਹੁਲ ਨੂੰ ਛੱਡ ਕੇ ਸੰਸਾਰ ਵਿਚਲੇ ਦੁੱਖਾਂ ਦੇ ਕਾਰਨਾਂ ਦੀ ਖੋਜ ਕਰਨ ਚਲਾ ਜਾਦਾਂ ਹੈ। ਸਿਧਾਰਥ ਨੂੰ ਤਾ ਨਿਰਵਾਣ ਪ੍ਰਾਪਤੀ ਹੋ ਜਾਦੀਂ ਹੈ ਪਰ ਯਸ਼ੋਧਰਾ ਨੇ ਸਿਧਾਰਥ ਬਿਨਾਂ ਆਪਣੀ ਜ਼ਿੰਦਗੀ ਕਿਵੇ ਲੰਘਾਈ? ਦੂਜਾ ਰਾਜਨੀਤਿਕ ਸਬੰਧਾਂ ਖਾਤਰ ਕਿਵੇਂ ਔਰਤਾਂ ਦਾ ਅਦਾਨ-ਪ੍ਰਦਾਨ ਕੀਤਾ ਜਾਦਾ ਸੀ ਅਤੇ ਕਿਵੇਂ ਆਪਣੀ ਹਿਰਸ ਅਤੇ ਹਿਤਾਂ ਦੀ ਰੱਖਿਆ ਲਈ ਔਰਤ ਨੂੰ ਵਸਤੂ ਸਮਝ ਕੇ ਵਰਤਿਆ ਜਾਦਾ ਸੀ। ਇਹ ਸਭ ਦੀ ਪੇਸ਼ਕਾਰੀ ਇਸ ਨਾਵਲ ਵਿੱਚ ਹੋਈ ਹੈ। ਔਰਤ ਦੇ ਬਹੁ-ਪੱਖੀ ਤ੍ਰਾਸਦਿਕ ਜੀਵਨ ਬਿਰਤਾਂਤ ਦਾ ਵਰਣਨ ਇਸ ਵਿੱਚ ਕੀਤਾ ਗਿਆ ਹੈ।*

***ਕੀਵਰਡ : ਬਲਦੇਵ ਸਿੰਘ, ਯਸ਼ੋਧਰਾ ਨਾਵਲ, ਔਰਤ, ਤ੍ਰਾਸਦੀ, ਵਸਤੂ, ਮਰਦਸ਼ਾਹੀ।***

ਦੁਨੀਆਂ ਦੀ ਲਗਭਗ ਅੱਧੀ ਆਬਾਦੀ ਔਰਤਾਂ ਦੀ ਹੈ। ਪਰ ਪਿਛਲੀਆਂ ਬਹੁਤ ਸਦੀਆਂ ਤੋਂ ਚੱਲੇ ਆ ਰਹੇ ਮਰਦ ਪ੍ਰਧਾਨ ਸਮਾਜ ਵਿੱਚ ਇਸ ਆਬਾਦੀ ਨੂੰ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ ਤੇ ਹੁਣ ਵੀ ਇਸ ਵਿੱਚ ਜ਼ਮੀਨੀ ਪੱਧਰ 'ਤੇ ਸੁਧਾਰ ਨਾ ਦੇ ਬਰਾਬਰ ਹੀ ਹੈ। *ਵਾਹੀ ਬੀਜੀ ਔਰਤ ਦੀ ਕਾਢ ਸੀ ਤੇ ਜ਼ਰੱਈ (ਖੇਤੀਬਾੜੀ) ਸਮਾਜਾਂ ਦੇ ਸ਼ੁਰੂ ਵਿੱਚ ਉਹ ਪ੍ਰਧਾਨ ਸੀ।* ਪਰ ਸਮਾਜ ਦੇ ਜਟਿਲ ਹੋਣ, ਪਰਿਵਾਰ ਸੰਸਥਾ ਦੇ ਬਣਨ, ਬੱਚਿਆਂ ਦੇ ਪਾਲਣ-ਪੋਸ਼ਣ, ਮਨੁੱਖ ਦੇ ਇੱਕ ਜਗ੍ਹਾ ਟਿਕਾਓ ਕਾਰਨ ਇਹ ਵਾਹੀ ਬੀਜੀ ਦਾ ਕੰਮ ਮਰਦਾਂ ਨੇ ਸਾਂਭ ਲਿਆ। ਫਿਰ ਹੌਲੀ-ਹੌਲੀ ਔਰਤਾਂ ਨੂੰ ਘਰ ਤੱਕ ਸੀਮਤ ਕਰ ਦਿੱਤਾ ਗਿਆ। ਸਮਾਜ ਵਿਗਸਣ ਲੱਗਾ ਅਤੇ ਇਸ ਦੀ ਡੋਰ ਮਰਦਾਂ ਨੇ ਆਪਣੇ ਹੱਥ ਵਿੱਚ ਕਰ ਲਈ। ਹੌਲੀ-ਹੌਲੀ ਸਾਰੀਆਂ ਸਮਾਜਿਕ ਸੰਸਥਾਵਾਂ ਵਿੱਚ ਮਰਦ ਦੀ ਪ੍ਰਧਾਨਤਾ ਹੋ ਗਈ ਅਤੇ ਇਸ ਤਰ੍ਹਾਂ ਔਰਤ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਸਮਾਜ ਵਿੱਚ ਵਰਗ ਹੋਂਦ ਵਿੱਚ ਆਏ ਅਤੇ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਬਣੀਆਂ ਪਰ ਇਹ ਸਭ ਵਿੱਚ ਕੁੱਲ ਮਿਲਾ ਕੇ ਔਰਤ ਤੋਂ ਉਸ ਦੀ ਆਜ਼ਾਦੀ, ਉਸ ਦੇ ਹੱਕ ਖੋਹੇ ਗਏ, ਉਸ ਨੂੰ ਬੰਨ੍ਹ ਕੇ ਰੱਖਿਆ ਗਿਆ ਅਤੇ ਉਸ ਨਾਲ ਵਸਤੂ ਵਾਂਗ ਵਿਹਾਰ ਕੀਤਾ ਗਿਆ।

ਆਧੁਨਿਕਤਾ, ਉਦਯੋਗੀਕਰਨ ਅਤੇ ਵਿਸ਼ਵੀਕਰਨ ਜਿਹੇ ਸੰਕਲਪਾਂ ਦੇ ਆਉਣ ਨਾਲ ਤਬਦੀਲੀਆਂ ਤਾਂ ਹੋਈਆਂ ਪਰ ਤਬਦੀਲੀਆਂ ਬਾਹਰੀ ਤਬਦੀਲੀਆਂ ਹੀ ਸਿੱਧ ਹੋਈਆਂ। ਭਾਵ ਸਿਫ਼ਤੀ ਤਬਦੀਲੀਆਂ ਔਰਤਾਂ ਦੇ ਪ੍ਰਸੰਗ ਵਿੱਚ ਅਜੇ ਉਸ ਤਰ੍ਹਾਂ ਦੇਖਣ ਨੂੰ ਨਹੀਂ ਮਿਲੀਆਂ। ਰਾਜਤੰਤਰ ਦੀ ਥਾਂ ਲੋਕਤੰਤਰਤ ਆ ਗਿਆ, ਪਰ ਅੰਦਰੋਂ ਇਹ ਉਸ ਵਾਂਗ ਹੀ ਕੰਮ ਕਰਦਾ ਰਿਹਾ। ਔਰਤਾਂ ਨੂੰ ਨੌਕਰੀ, ਕੰਮ ਆਦਿ ਦੀ ਖੁੱਲ੍ਹ ਦਿੱਤੀ ਗਈ ਪਰ ਮਾਨਸਿਕ ਤੌਰ 'ਤੇ ਗ਼ੁਲਾਮੀ ਦੀਆਂ ਜੰਜੀਰਾਂ ਕਾਇਮ ਰਹੀਆਂ। ਹਿੰਦੁਸਤਾਨ ਬਹੁਤ ਸਦੀਆਂ ਤੋਂ ਵਿਦੇਸ਼ੀਆਂ ਦਾ ਗ਼ੁਲਾਮ ਰਿਹਾ। ਹੁਣ ਵੀ ਅਸੀਂ ਪੱਛਮ ਦੇ ਮਾਨਸਿਕ ਤੌਰ 'ਤੇ ਗ਼ੁਲਾਮ ਹੀ ਹਾਂ। ਇਸ ਪ੍ਰਕਾਰ ਗ਼ੁਲਾਮੀ ਚਾਹੇ ਸਰੀਰਕ ਹੋਵੇ ਜਾਂ ਫਿਰ ਮਾਨਸਿਕ, ਗ਼ੁਲਾਮੀ ਗ਼ੁਲਾਮੀ ਹੀ ਹੁੰਦੀ ਹੈ ਅਤੇ ਮਾਨਸਿਕ ਗ਼ੁਲਾਮੀ, ਸਰੀਰਕ ਗ਼ੁਲਾਮੀ ਤੋਂ ਕਈ ਗੁਣਾਂ ਭਿਅੰਕਰ ਹੁੰਦੀ ਹੈ।

ਭਾਰਤ ਰਿਸ਼ੀਆਂ-ਮੁਨੀਆਂ, ਪੀਰਾਂ-ਫਕੀਰਾਂ ਅਤੇ ਧਾਰਮਿਕ ਪੁਰਸ਼ਾਂ ਦਾ ਦੇਸ਼ ਮੰਨਿਆ ਜਾਦਾ ਹੈ। ਅਸੀਂ ਬੜੇ ਫ਼ਖ਼ਰ ਨਾਲ (ਸਮਾਜ ਤੇ ਰਾਜ) ਇਹਨਾਂ ਦਾ ਨਾਂ ਸੁਣ ਫੁੱਲੇ ਨਹੀ ਸਮਾਉਦੇਂ ਪਰ ਇਹਨਾਂ ਪੀਰਾਂ-ਫਕੀਰਾਂ, ਰਿਸ਼ੀਆਂ-ਮੁਨੀਆਂ ਅਤੇ ਧਾਰਮਿਕ ਪੁਰਸ਼ਾਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਅਤੇ ਇਹਨਾਂ ਦੀਆਂ ਪਤਨੀਆਂ ਜਿਹੜੀਆਂ ਇਹਨਾਂ ਨਾਲ ਜੀਵਨ ਗੁਜ਼ਾਰ ਦੀਆਂ ਸਨ, ਉਹਨਾਂ ਨੂੰ ਉਸ ਤਰ੍ਹਾਂ ਦਾ ਦਰਜਾ ਨਹੀਂ ਦਿੰਦੇ। ਉਹਨਾਂ ਦੀ ਘਾਲਣਾ ਨੂੰ ਘੱਟ

ਕਰਕੇ ਜਾਇਆ ਜਾਂਦਾ ਹੈ। ਹਾਲਾਂ ਕਿ ਸਾਡੇ ਇਤਿਹਾਸ ਮਿਥਿਹਾਸ ਵਿੱਚ ਦਰੋਪਤੀ, ਕੁੰਤੀ, ਸੀਤਾ, ਮੰਦੋਦਰੀ, ਗੰਧਾਰੀ, ਸੂਪਨਖਾ ਆਦਿ ਔਰਤਾਂ ਹਨ, ਪਰ ਇਹ ਸਭ ਨੂੰ ਮਰਦ ਪ੍ਰਧਾਨ ਸੱਤਾ ਆਪਣੀ ਨੁਕਤਾ-ਨਿਗਾਹ ਤੋਂ ਦੇਖਦੀ ਰਹੀ ਹੈ। ਔਰਤਾਂ ਦੀ ਨੁਕਤਾ-ਨਿਗਾਹ ਤੇ ਉਹਨਾ ਦੇ ਸਮਾਜਿਕ ਹਾਲਾਤਾਂ ਤੋਂ ਨਹੀਂ।

ਯਸ਼ੋਧਰਾ ਵੀ ਇੱਕ ਅਜਿਹੀ ਔਰਤ ਸੀ, ਜਿਸ ਦੀ ਤ੍ਰਾਸਦੀ ਅਤੇ ਘਾਲਣਾ ਨੂੰ ਸਹੀ ਅਰਥਾਂ ਵਿੱਚ ਹਾਲੇ ਤੱਕ ਕੈਨਵਸ ‘ਤੇ ਨਹੀਂ ਉਲੀਕਿਆ ਜਾ ਸਕਿਆ। ਸਿਧਾਰਥ ਗੌਤਮ ਨੂੰ ਸਾਰੀ ਦੁਨੀਆਂ ਜਾਣਦੀ ਹੈ। ਉਹਨਾਂ ਦੇ ਨਿਰਵਾਨ, ਉਹਨਾਂ ਦੇ ਮੱਤ, ਉਹਨਾਂ ਦੇ ਫ਼ਲਸਫ਼ੇ ਦੀ ਦੁਨੀਆਂ ਵਿੱਚ ਧੁੰਮ ਰਹੀ ਹੈ ਤੇ ਦਸ ਸਦੀਆਂ ਤੱਕ ਹਿੰਦੁਸਤਾਨ ਤੇ ਫਿਰ ਵਿਦੇਸ਼ੀ ਮੁਲਕਾਂ ਵਿੱਚ ਉਹਨਾਂ ਦਾ ਬੋਲਬਾਲਾ ਰਿਹਾ ਹੈ ਤੇ ਅੱਜ ਵੀ ਹੈ ਪਰ ਉਹਨਾਂ ਦੀ ਪਤਨੀ ਜਿਨਾਂ ਦੀ ਅਕੱਥ ਸਾਧਨਾ ਅਤੇ ਘਾਲਣਾ ਬੁੱਧ ਤੋਂ ਕਿਤੇ ਵੱਧ ਸੀ, ਦਾ ਜ਼ਿਕਰ ਜਾਂ ਵਰਨਣ ਉਸ ਤਰ੍ਹਾਂ ਨਹੀਂ ਕੀਤਾ ਜਾਦਾ ਜਿਵੇਂ ਕਿ ਬੁੱਧ ਦਾ ਵਰਣਨ ਕੀਤਾ ਜਾਦਾਂ ਹੈ। ਬੁੱਧ ਦੀ ਪੂਜਾ ਵੀ ਕੀਤੀ ਜਾਂਦੀ ਹੈ। ਉਹਨਾਂ ਦੀਆਂ ਵੱਡੀਆਂ-ਵੱਡੀਆਂ ਮੂਰਤੀਆਂ ਵੀ ਸੰਸਾਰ-ਭਰ ਵਿੱਚ ਮੌਜੂਦ ਹਨ ਪਰ ਯਸ਼ੋਧਰਾ ਜਿਨਾਂ ਦੇ ਜੀਵਨ ਨੂੰ ਦੇਖ ਕੇ ਪਤਾ ਚਲਦਾ ਹੈ ਕਿ ਉਹਨਾਂ ਦੀ ਘਾਲਣਾ ਬੁੱਧ ਤੋਂ ਕਿਧਰੇ ਵੀ ਘੱਟ ਨਹੀਂ ਸੀ।

ਪੰਜਾਬੀ ਸਾਹਿਤ ਵਿੱਚ ਸੀਤਾ, ਦਰੋਪਤੀ ‘ਤੇ ਸਾਹਿਤ ਲਿਖੀਆ ਮਿਲਦਾ ਹੈ। ਪਰ ਯਸ਼ੋਧਰਾ ਵੱਲ ਕਿਸੇ ਸਹਿਤਕਾਰ ਨੇ ਖਾਸ ਧਿਆਨ ਨਹੀਂ ਦਿੱਤਾ। ***ਬਲਦੇਵ ਸਿੰਘ*** ਦਾ ਨਾਵਲ ***ਯਸ਼ੋਧਰਾ*** ਇਸ ਪੱਖ ਤੋਂ ਪਹਿਲ ਕਦਮੀ ਜਾਪਦਾ ਹੈ। ਇਸ ਨਾਵਲ ਵਿੱਚ ਯਸ਼ੋਧਰਾ ਤੋਂ ਬਿਨਾਂ ਸਿਧਾਰਥ, ਉਸ ਦੇ ਕਬੀਲੇ, ਉਸ ਸਮੇਂ ਦੀਆਂ ਆਪਸੀ ਖਿੱਚੋਤਾਣਾ ਨੂੰ ਵੀ ਦਰਸਾਇਆ ਗਿਆ ਹੈ ਪਰ ਇਸ ਵਿਚਲਾ ਯਸ਼ੋਧਰਾ ਦਾ ਵਰਨਣ ਤੇ ਚਿਤਰਨ ਬਾ-ਕਮਾਲ ਹੈ ਅਤੇ ਉਸ ਦੀ ਜੀਵਨ ਘਾਲਣਾ ਤੇ ਉਸ ਦੀ ਤ੍ਰਾਸਦੀ ਨੂੰ ਲੇਖਕ ਨੇ ਬਹੁਤ ਸੁਚੇਤ ਤੇ ਸੱਚੇ-ਸੁੱਚੇ ਢੰਗ ਨਾਲ ਬਿਆਨ ਕੀਤਾ ਹੈ। ਇਸ ਨਾਵਲ ਵਿੱਚ ਸਾਨੂੰ ਔਰਤ ਦੀ ਹੋਣੀ ਦੇ ਮਹਾਂ-ਬਿਰਤਾਂਤ ਦੀ ਝਲਕ ਨਜ਼ਰ ਆਉਂਦੀ ਹੈ। ਯਸ਼ੋਧਰਾ ਦੇ ਤਪ, ਤਿਆਗ, ਸਬਰ, ਸਿਦਕ, ਸੰਜਮ ਅਤੇ ਸਹਿਣਸ਼ੀਲਤਾ ਉਸ ਦੀ ਮਹਾਨਤਾ ਨੂੰ ਹੋਰ ਗੂੜ੍ਹਾ ਕਰਦੇ ਹਨ। ਇਸ ਨਾਵਲ ਵਿੱਚ ਨਾ ਸਿਰਫ਼ ਔਰਤ ਦੀ ਜੀਵਨ ਭਰ ਦੀ ਤ੍ਰਾਸਦੀ ਨੂੰ ਬਿਆਨ ਕੀਤਾ ਗਿਆ ਹੈ, ਬਲਕਿ ਇਸ ਵਿੱਚ ਮਰਦ ਪ੍ਰਧਾਨ ਸਮਾਜ, ਕਬੀਲੇ, ਪਰਿਵਾਰ ਤੇ ਰਾਜ, ਉੱਚੇ ਘਰਾਣਿਆਂ ਦੇ ਘਰਾਂ ਵਿੱਚ ਔਰਤ ਦੀ ਸਥਿਤੀ ਦਾ ਹਾਲ ਵੀ ਬਿਆਨ ਕੀਤਾ ਗਿਆ ਹੈ। ਬਲਦੇਵ ਸਿੰਘ ਨੇ ਰਾਜਨੀਤਿਕ ਅਤੇ ਸਮਾਜਿਕ ਪ੍ਰਸੰਗਾਂ ਵਿੱਚ ਰੱਖ ਕੇ ਯਸ਼ੋਧਰਾ ਦੇ ਪਾਤਰ ਨੂੰ ਕਲਾਤਮਕ ਢੰਗ ਨਾਲ ਸੱਚ ਦੇ ਨੇੜੇ ਕਰਕੇ, ਉਸ ਦੇ ਤ੍ਰਾਸਦਿਕ ਜੀਵਨ ਦੀ ਪੇਸ਼ਕਾਰੀ ਕੀਤੀ ਹੈ। ਜਿਵੇ ਕਿ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ **ਵਰਿਆਮ ਸੰਧੂ** ਦਾ ਕਹਿਣਾ ਹੈ ਕਿ *“ਬਲਦੇਵ ਸਿੰਘ ਨੇ ਯਸ਼ੋਧਰਾ ਨਾਵਲ ਲਿਖ ਕੇ ਹਾਸ਼ੀਆਗ੍ਰਸ਼ਤ ਇਤਿਹਾਸਕ ਔਰਤ ਦੀ ਬਾਤ ਕਹੀ ਹੈ।”*[2]

ਯਸ਼ੋਧਰਾ ਕਿਵੇਂ ਰਾਜਨੀਤਿਕ ਤੇ ਸਮਾਜਿਕ ਸੰਸਥਾਵਾਂ ਵਿੱਚ ਪਿੱਸਦੀ ਹੈ ਅਤੇ ਕਿਵੇਂ ਔਰਤ ਨੂੰ ਇਹਨਾਂ ਸੰਸਥਾਵਾਂ ਦੁਆਰਾ ਵਸਤੂ ਸਮਝ ਕੇ ਵਰਤਿਆ ਜਾਂ ਭੋਗਿਆ ਜਾਂਦਾ ਹੈ, ਉਹਨਾਂ ਨੂੰ ਜੀਵਨ ਭਰ ਲਈ ਦੁੱਖਾਂ ਦੀ ਅੱਗ ਵਿੱਚ ਝੋਕ ਦਿੱਤਾ ਜਾਦਾਂ ਹੈ, ਇਹ ਸਭ ਦਾ ਵਰਣਨ ਇਸ ਨਾਵਲ ਵਿੱਚ ਮਿਲਦਾ ਹੈ। ਗਿਆਨ ਜਾਂ ਸੰਸਾਰ ਭਰ ਦੇ ਦੁੱਖਾਂ ਨੂੰ ਹੱਲ ਕਰਨ ਜਾਂ ਸੁਲਝਾਉਣ ਵਾਲੇ ਮਹਾਂਪੁਰਖ, ਮਹਾ ਨਿਰਵਾਨ-ਕਰਤਾ ਕਹਾਉਣ ਵਾਲੇ ਤੇ ਮਹਾਤਮਾ ਦੀ ਉਪਾਧੀ ਵਾਲੇ ਬੁੱਧ ਵੀ ਕਿਵੇਂ ਇੱਕ ਔਰਤ ਨੂੰ ਉਸ ਦੀ ਹੋਣੀ, ਉਸ ਦੇ ਹੱਕਾਂ, ਉਸ ਨੂੰ ਵਸਤੂ ਸਮਝ ਕੇ ਛੱਡ ਜਾਂਦੇ ਹਨ ਅਤੇ ਉਸ ਨੂੰ ਜ਼ਿੰਦਗੀ ਭਰ ਲਈ ਦੁੱਖ ਭੋਗਣ ਲਈ ਛੱਡ ਜਾਂਦੇ ਹਨ, ਇਹ ਸਭ ਦੀ ਪੇਸ਼ਕਾਰੀ ਇਸ ਨਾਵਲ ਵਿੱਚ ਕਲਾਤਮਕ ਢੰਗ ਨਾਲ ਕੀਤੀ ਗਈ ਹੈ। **ਗੁਰਭਜਨ ਗਿੱਲ** ਦਾ ਕਹਿਣਾ ਹੈ ਕਿ, *“ਯਸ਼ੋਧਰਾ ਰਾਹੀ ਬਲਦੇਵ ਸਿੰਘ ਨੇ ਨਾਰੀ ਮਨ ਦੀ ਅੰਤਰ ਵੇਦਨਾ ਪੇਸ਼ ਕੀਤੀ ਹੈ।”*[3]

ਇਸ ਨਾਵਲ ਵਿੱਚ ਔਰਤ ਦੀ ਤ੍ਰਾਸਦੀ ਨੂੰ ਬਹੁ ਪਸਾਰੀ ਪੱਧਰਾਂ ‘ਤੇ ਦਿਖਾਇਆ ਗਿਆ ਹੈ। ਦੋ ਕਬੀਲੇ ਆਪਣੇ ਵਿਚਕਾਰ ਸਬੰਧ ਸਥਾਪਿਤ ਕਰਨ ਤੇ ਉਹਨਾਂ ਸਬੰਧਾਂ ਨੂੰ ਮਜਬੂਤੀ ਦੇਣ ਲਈ ਜਾਂ ਤਕੜੇ ਦੇ ਮਾੜੇ ‘ਤੇ ਦਾਬੇ ਕਾਰਨ, ਮਾੜੇ ਨੂੰ ਔਰਤਾਂ ਦੀ ਅਦਲਾ-ਬਦਲੀ ਨਾਲ ਆਪਣੇ ਹਿੱਤਾਂ ਦੀ, ਆਪਣੇ ਕਬੀਲੇ ਜਾਂ ਆਪਣੇ ਛੋਟੇ ਜਿਹੇ ਰਾਜ ਦੀ ਰੱਖਿਆ ਕਰਨੀ ਹੁੰਦੀ ਸੀ। ਇਹ ਕਬੀਲਿਆਂ ਦੇ ਸਰਦਾਰ ਜਾਂ ਰਾਜੇ ਕਿਸ ਪ੍ਰਕਾਰ ਔਰਤ ਨੂੰ ਵਸਤੂ ਸਮਝ ਕੇ ਉਸ ਦਾ ਅਦਾਨ-ਪ੍ਰਦਾਨ ਕਰਦੇ ਹਨ ਅਤੇ ਨਿੱਜੀ ਹਿੱਤਾਂ ਦੀ ਪੂਰਤੀ ਕਰਦੇ ਸਨ। ਇਸ ਦੀ ਪੇਸ਼ਕਾਰੀ ਇਸ ਨਾਵਲ ਵਿੱਚ ਕੀਤੀ ਗਈ ਹੈ। *ਦੰਡਾਪਾਣੀ ਦੀਆਂ ਦੋਵੇਂ ਭੈਣਾਂ ਦੀ ਸ਼ਾਦੀ ਰਾਜਾ ਸੁਧੋਧਨ ਨਾਲ ਹੋਈ ਸੀ।*[4]

ਸੁਧੋਧਨ ਦੀ ਭੈਣ ਦੀ ਸ਼ਾਦੀ ਦੰਡਾਪਾਣੀ ਨਾਲ ਹੋਈ ਸੀ ਭਾਵ ਦੋਵਾਂ ਨੇ ਆਪਣੀਆਂ ਭੈਣਾਂ ਨੂੰ ਇੱਕ-ਦੂਜੇ ਨਾਲ ਵਿਆਹਿਆ ਸੀ। ਇਹ ਇਸ ਗੱਲ ਦਾ ਸੰਕੇਤ ਹੈ ਕਿ ਦੋ ਧਿਰਾਂ ਕਿਵੇਂ ਆਪਣੀ ਹਿਰਸ ਜਾ ਹਿੱਤਾਂ ਦੀ ਰਾਖੀ ਲਈ ਆਪਣੇ ਰਾਜ ਭਾਗ, ਆਪਣੀਆਂ ਹੱਦਾਂ ਦੀ ਰਾਖੀ ਲਈ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਣ ਲਈ ਔਰਤਾਂ ਦਾ ਬੱਟਾ-ਸੱਟਾ ਕਰਦੀਆਂ ਸਨ। ਇੱਥੇ ਹੀ

ਬੱਸ ਨਹੀਂ, ਦੰਡਾਪਾਣੀ ਦੀ ਪੁਤਰੀ ਯਸ਼ੋਧਰਾ ਦਾ ਵਿਆਹ ਸਿਧਾਰਥ ਨਾਲ ਕਰਨਾ ਵੀ ਸੌਦਾ ਹੀ ਸੀ। ਉਹਨਾਂ ਦੋਹਾਂ ਵਿਚਕਾਰ ਨਦੀ ਦੇ ਪਾਣੀ ਨੂੰ ਲੈ ਕੇ ਹੁੰਦਾ ਲਗਾਤਾਰ ਝਗੜਾ ਇਸ ਸੌਦੇ ਦਾ ਕਾਰਨ ਸੀ। ਭਲਾ ਹੀ ਉਹਨਾਂ ਦੋਵਾਂ ਵਿਚਕਾਰ ਪਿਆਰ ਦਿਖਾਇਆ ਗਿਆ ਹੈ ਪਰ ਉਹਨਾਂ ਦੇ ਵਿਆਹ ਦਾ ਅਸਲ ਕਾਰਨ ਦੋਵਾਂ ਵਿਚਕਾਰ ਪਾਣੀ ਦੇ ਝਗੜੇ ਨੂੰ ਸੁਲਝਾਉਣ ਅਤੇ ਦੋਵਾਂ ਰਾਜਾਂ ਦੀਆਂ ਹੱਦਾਂ ਵਿਚਕਾਰ ਸੁੱਖ ਸ਼ਾਂਤੀ ਬਣਾਏ ਰੱਖਣਾ ਸੀ। ਇਸ ਦਾ ਭਾਵ ਹੈ ਕਿ ਹੱਦਾਂ ਸਰਹੱਦਾਂ ਦੀ ਰਾਖੀ ਲਈ, ਆਪਣੇ ਹਿੱਤਾਂ ਅਤੇ ਹਿਰਸ ਲਈ ਔਰਤ ਨੂੰ ਵਸਤੂ ਸਮਝ ਕੇ ਉਸ ਦੀ ਬਲੀ ਦਿੱਤੀ ਜਾਂਦੀ ਸੀ।

ਦੂਹਰੀ ਤ੍ਰਾਸਦੀ ਇਹ ਹੈ ਕਿ ਕਬੀਲਾ ਆਪਣੇ ਹਿੱਤਾਂ ਲਈ ਸਭ ਕਰਦਾ ਸੀ। ਇਹ ਪਤਾ ਹੁੰਦੇ ਹੋਏ ਕਿ ਸਿਧਾਰਥ ਰਾਜ ਸੰਭਾਲਣ ਦੀ ਬਜਾਏ ਸੰਨਿਆਸ ਧਾਰਨ ਕਰੇਗਾ, ਫਿਰ ਵੀ ਦੋਵੇਂ ਧਿਰਾਂ ਇੱਕ-ਦੂਜੇ ਵੱਲ ਰਿਸ਼ਤਾ ਲੈ ਕੇ ਜਾਦੀਆਂ ਹਨ। ਇਸ ਦਾ ਕਾਰਨ ਹੈ ਦੋਵਾਂ ਵਿੱਚ ਵਿਗੜੇ ਸੰਬੰਧਾਂ ਨੂੰ ਸੁਧਾਰਨਾ। ਇਥੇ ਵੀ ਔਰਤ ਨੂੰ ਵਸਤੂ ਦੀ ਤਰ੍ਹਾਂ ਵਰਤਿਆ ਜਾਂਦਾ ਸੀ।

*ਨਾਵਲ ਨਾਟਕੀ ਰੂਪ ਵਿੱਚ ਅੱਗੇ ਵੱਧਦਾ ਹੈ ਅਤੇ ਅਖੀਰ ਸਿਧਾਰਥ ਦਾ ਵਿਆਹ ਯਸ਼ੋਧਰਾ ਨਾਲ ਹੋ ਜਾਂਦਾ ਹੈ। ਦੋਵੇਂ ਧਿਰਾਂ ਖੁਸ਼ ਹਨ। ਜਿਵੇ ਕਿ ਨਾਵਲ ਵਿੱਚ ਇੱਕ ਥਾਂ ਆਉਦਾਂ ਹੈ ਕਿ ਰਾਜ ਮਹਿਲ ਖੁਸ਼ ਸੀ*[6] ਯਸ਼ੋਧਰਾ ਤੇ ਸਿਧਾਰਥ ਜਿਹੜੇ ਪਹਿਲਾਂ ਖੁਸ਼ ਸਨ ਉਹ ਵਿਆਹ ਤੋਂ ਬਾਅਦ ਉਚਾਟ ਹੋ ਜਾਂਦੇ ਹਨ। ਖਾਸ ਕਰਕੇ ਯਸ਼ੋਧਰਾ। ਯਸ਼ੋਧਰਾ ਦੀਆਂ ਆਸਾਂ 'ਤੇ ਪਾਣੀ ਫਿਰ ਜਾਂਦਾ ਹੈ ਜਦ ਉਸ ਨੂੰ ਪਤਾ ਲੱਗਦਾ ਹੈ ਕਿ ਸਿਧਾਰਥ ਦਾ ਮਨ ਗ੍ਰਹਿਸਤੀ ਵੱਲ ਨਾ ਹੋ ਕੇ ਸੰਨਿਆਸ ਵੱਲ ਹੈ। ਉਸ ਦਾ ਮਨ ਰਾਜ ਭਾਗ ਵੱਲ ਵੀ ਨਹੀ ਹੈ। ਇਸ ਤਰ੍ਹਾਂ ਉਸ ਨੂੰ ਪਹਿਲੀ ਵਾਰ ਆਪਣੀ ਤ੍ਰਾਸਦੀ ਦਾ ਅਹਿਸਾਸ ਹੁੰਦਾ ਹੈ ਪਰ ਹੁਣ ਤੱਕ ਉਸ ਨਾਲ ਦੂਹਰੀ ਤ੍ਰਾਸਦੀ ਵਾਪਰ ਚੁੱਕੀ ਹੈ। ਇਸ ਤੋਂ ਪਹਿਲਾਂ ਇੱਕ ਤਾਂ ਉਸ ਦਾ ਵਿਆਹ, ਜਿਸ ਨੂੰ ਉਹ ਪਿਆਰ ਸਮਝਦੇ ਸੀ ਇਹ ਪਿਆਰ ਨਹੀਂ ਅਸਲ ਵਿੱਚ ਸਮਝੌਤੇ ਤਹਿਤ ਕੀਤਾ ਗਿਆ ਸੀ ਅਤੇ ਦੂਜਾ ਸਿਧਾਰਥ ਨਾਲ, ਜਿਸ ਦਾ ਪਹਿਲਾਂ ਹੀ ਗ੍ਰਿਹਸਥੀ ਅਤੇ ਰਾਜ ਭਾਗ ਤੋਂ ਮਨ ਉਚਾਟ ਹੈ ਅਤੇ ਇਹ ਸਭ ਪਤਾ ਹੁੰਦੇ ਹੋਏ ਵੀ ਉਹਨਾਂ ਨੂੰ ਵਿਆਹ ਦੇ ਬੰਧਨ ਵਿੱਚ ਬੰਨ੍ਹ ਦੇਣਾ ਹਰਗਿਜ ਜਾਇਜ਼ ਨਹੀਂ ਸੀ। ਇਸ ਪ੍ਰਕਾਰ ਯਸ਼ੋਧਰਾ ਦਾ ਵਿਆਹ ਕਰਕੇ ਉਸ ਨੂੰ ਸੁਨਹਿਰੇ ਨਰਕ ਵਿੱਚ ਧੱਕ ਦਿੱਤਾ ਜਾਂਦਾ ਹੈ ਤੇ ਦੋਵੇਂ ਧਿਰਾਂ ਇਸ ਤੋਂ ਬਹੁਤ ਖੁਸ਼ ਸਨ। ਯਸ਼ੋਧਰਾ ਨੂੰ ਪਤਾ ਨਹੀਂ ਸੀ ਕਿ ਅਜੇ ਉਸ ਨਾਲ ਹੋਰ ਕੀ-ਕੀ ਵਾਪਰਨਾ ਹੈ।

ਇਸ ਤੋਂ ਬਾਅਦ ਉਸ ਦਾ ਪਤੀ ਉਸ ਨੂੰ ਸੁੱਤਿਆ ਛੱਡ ਕੇ ਦੁੱਖਾਂ ਦੇ ਕਾਰਨਾਂ ਦੀ ਭਾਲ ਕਰਨ ਲਈ ਚਲਾ ਜਾਂਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਸਿਧਾਰਥ ਵਰਗਾ ਕੋਮਲ ਭਾਵੀ ਮਰਦ ਵੀ ਆਪਣਾ ਹੱਕ ਤਾਂ ਸਮਝਦਾ ਹੈ ਕਿ ਮੈਂ ਆਪਣੀ ਇੱਛਾ ਨਾਲ ਜਾ ਸਕਦਾ ਹਾਂ। ਪਰ ਉਹ ਯਸ਼ੋਧਰਾ ਦੀ ਪ੍ਰਵਾਹ ਕੀਤੇ ਬਿਨਾਂ ਕਿ ਉਹ ਕਿਵੇਂ ਗੁਜ਼ਾਰਾ ਕਰੇਗੀ ਅਤੇ ਰਾਹੁਲ ਵੀ, ਉਹ ਸਭ ਜਾਣਦੇ ਹੋਏ ਉਹਨਾਂ ਨੂੰ ਛੱਡ ਕੇ ਚਲਾ ਜਾਂਦਾ ਹੈ ਭਾਵ ਇਹ ਹੈ ਕਿ ਮਰਦਸ਼ਾਹੀ ਹੱਕ ਤਾਂ ਸਮਝਦੀ ਹੈ ਪਰ ਫ਼ਰਜ ਨਹੀਂ। ਫਿਰ ਭਲਾ ਹੀ ਉਹ ਗਿਆਨ ਦੀ ਪ੍ਰਾਪਤੀ ਲਈ ਜਾ ਰਿਹਾ ਸੀ ਜਾਂ ਦੁੱਖਾਂ ਦੇ ਕਾਰਨ ਲੱਭਣ ਪਰ ਇਸ ਪਿੱਛੇ ਯਸ਼ੋਧਰਾ ਜਿਸ ਨੂੰ ਸਾਰੀ ਉਮਰ ਦੁੱਖ ਝੱਲਣੇ ਪੈਣੇ ਸਨ ਉਸ ਨੂੰ ਸੁਤਿਆ ਪਿਆ ਛੱਡ ਗਿਆ ਸੀ। ਸਿਧਾਰਥ ਸੰਸਾਰ ਭਰ ਦੇ ਲੋਕਾਂ ਲਈ ਨਿਰਵਾਨ ਪ੍ਰਾਪਤ-ਕਰਤਾ ਅਤੇ ਮਹਾ ਗਿਆਨੀ ਤਾਂ ਬਣ ਗਿਆ ਅਤੇ ਉਸ ਨੇ ਸ਼ਾਇਦ ਦੁੱਖਾਂ ਦੇ ਕਾਰਨਾਂ ਦੀ ਖੋਜ ਵੀ ਕਰ ਲਈ ਪਰ ਉਹ ਆਪਣੀ ਪਤਨੀ ਅਤੇ ਆਪਣੇ ਪੁੱਤਰ ਨੂੰ ਸਾਰੀ ਉਮਰ ਲਈ ਦੁੱਖਾਂ ਦਰ ਸਨਮੁੱਖ ਕਰ ਗਿਆ। *ਇੱਥੇ ਹੀ ਬੱਸ ਨਹੀਂ ਫਿਰ ਉਸ ਨਾਲ ਉਸ ਤੋਂ ਵੀ ਅਗਾਂਹ ਵਾਪਰਦੀ ਹੈ। ਯਸ਼ੋਧਰਾ, ਸਿਧਾਰਥ ਬਿਨਾ ਨਿਰਜਿੰਦ ਵਸਤੂ ਬਣ ਕੇ ਰਹਿ ਜਾਂਦੀ ਹੈ ਅਤੇ ਮਹਿਲ ਦੀਆਂ ਦੀਵਾਰਾਂ ਉਸ ਨੂੰ ਖਾਣ ਨੂੰ ਪੈਂਦੀਆਂ ਹਨ। ਉਸ ਲਈ ਖੁਸ਼ੀਆਂ ਬੀਤੇ ਜੁੱਗ ਦੀਆਂ ਗੱਲਾਂ ਜਾਪਦੀਆਂ ਹਨ*[6] *ਉਹ ਜਿਵੇਂ ਕਿਵੇਂ ਆਪਣੇ ਪੁੱਤਰ ਲਈ ਜਿਉਣ ਲੱਗਦੀ ਹੈ ਪਰ ਫਿਰ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦਾ ਪਤੀ ਸਿਧਾਰਥ ਹੁਣ ਬੁੱਧ ਬਣ ਗਿਆ ਅਤੇ ਉਸ ਦੇ ਲੱਖਾਂ ਚੇਲੇ ਚਪਟੇ ਕਪਿਲਵਸਤੂ ਵੱਲ ਆ ਰਹੇ ਹਨ ਤਾਂ ਉਸ ਨੂੰ ਡਰ ਸਤਾਉਣ ਲੱਗ ਜਾਂਦਾ ਹੈ ਕਿ ਹੁਣ ਜੇਕਰ ਬੁੱਧ ਨੇ ਉਸ ਤੋਂ ਰਾਹੁਲ ਵੀ ਮੰਗ ਲਿਆ ਤਾਂ ਉਹ ਕਿਸ ਤਰ੍ਹਾਂ ਜਿਉਂਦਾ ਰਹੇਗਾ। ਰਾਹੁਲ ਹੀ ਉਸ ਦੇ ਜਿਉਂਣ ਦਾ ਸਹਾਰਾ ਸੀ। ਹੁਣ ਤੱਕ ਉਸ ਨੇ ਕਿਸ ਤਰ੍ਹਾਂ ਦਿਨ ਕੱਟੇ ਸਨ, ਇਹ ਸਿਰਫ਼ ਯਸ਼ੋਧਰਾ ਹੀ ਜਾਣਦੀ ਸੀ। ਉਹ ਸਿਧਾਰਥ ਦੇ ਆਉਣ ਤੇ ਉਸ ਨੂੰ ਮਿਲਣ ਨਹੀ ਜਾਦੀਂ ਅਤੇ ਜਦੋ ਸਿਧਾਰਥ (ਜਿਹੜਾ ਕਿ ਹੁਣ ਬੁਧ ਬਣ ਗਿਆ ਹੈ) ਉਸ ਨੂੰ ਮਿਲਣ ਆਉਦਾ ਹੈ ਤਾ ਉਹ ਸਵਾਲ ਕਰਦੀ ਹੈ ਕਿ ਦੁੱਖਾਂ ਦਾ ਕਾਰਨ ਖੋਜਣ ਗਏ, ਸਾਨੂੰ ਦੁੱਖਾਂ ਦੀ ਭੱਠੀ ਵਿੱਚ ਸੜਨ ਲਈ ਛੱਡ ਗਏ*[7] *ਪਤਨੀ ਕਿਸ ਤਰ੍ਹਾਂ ਜਿਉਂਦੀ ਰਹੇਗੀ ਅਤੇ ਉਸ ਦੇ ਦੁੱਖਾਂ ਨੂੰ ਉਸ ਨੇ ਕਿਉਂ ਨਹੀਂ ਸਮਝਿਆ? ਬੁੱਧ ਮੂਰਤੀ ਬਣ ਕੇ ਖੜ੍ਹ ਜਾਦਾਂ ਹੈ। ਇਸ ਤੋਂ ਬਾਅਦ ਉਹੀ ਵਾਪਰਦਾ ਹੈ ਜਿਸ ਦਾ ਤੌਖਲਾ ਯਸ਼ੋਧਰਾ ਨੂੰ ਪਹਿਲਾਂ ਤੋਂ ਹੀ ਸੀ। ਬੁੱਧ ਉਸ ਤੋਂ ਰਾਹੁਲ ਨੂੰ ਮੰਗ ਲੈਂਦਾ ਹੈ। ਉਹ ਆਪਣੇ ਪੁੱਤਰ ਨੂੰ ਆਪਣਾ ਹੱਕ ਮੰਗਣ ਲਈ ਕਹਿੰਦੀ ਹੈ ਪਰ ਇਹ ਹੱਕ ਤਾਂ ਬਹੁਤ ਪਹਿਲਾਂ ਹੀ*

*ਮਰਦ ਪ੍ਰਧਾਨ ਸਮਾਜ ਨੇ ਯਸ਼ੋਧਰਾ ਤੋਂ ਖੋ ਲਿਆ ਸੀ ਅਤੇ ਸ਼ਾਇਦ ਉਸ ਦੇ ਪੁੱਤਰ ਤੋਂ ਵੀ। ਸਿੱਟੇ ਵਜੋਂ ਉਸ ਨੂੰ ਆਪਣੀ ਜਿੰਦ ਦਾ ਟੁਕੜਾ, ਆਪਣੇ ਜਿਊਣ ਦਾ ਇੱਕੋ-ਇੱਕ ਸਹਾਰਾ ਆਪਣਾ ਪੁੱਤਰ ਵੀ ਗਵਾਉਣਾ ਪੈਂਦਾ ਹੈ। ਉਸ ਲਈ ਜ਼ਿੰਦਗੀ ਬੇ-ਮਾਅਨਾ ਹੋ ਗਈ।*[8] ਇਸ ਪ੍ਰਕਾਰ ਯਸ਼ੋਧਰਾ ਉਹ ਔਰਤ ਹੈ, ਜਿਸ ਨੂੰ ਰਾਜ ਦੇ ਸੰਬੰਧਾਂ ਲਈ ਵਸਤੂ ਸਮਝ ਕੇ ਵਿਆਹ ਕਰ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਪਿਆਰ ਦਾ ਨਾਂ ਦਿੱਤਾ ਜਾਂਦਾ ਹੈ। ਫਿਰ ਉਸ ਨੂੰ ਉਸ ਦਾ ਪਤੀ ਛੱਡ ਕੇ ਚਲਾ ਜਾਂਦਾ ਹੈ ਅਤੇ ਔਰਤ ਪ੍ਰਤੀ ਉਸ ਦੇ ਫ਼ਰਜਾਂ ਤੋਂ ਉਹ ਫ਼ਾਰਗ ਹੋ ਜਾਂਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਫ਼ਰਜ ਪੂਰੇ ਕਰਨੇ ਜਾਂ ਨਾ ਪੂਰੇ ਕਰਨੇ ਉਹਨਾਂ ਦੀ ਆਪਣੀ ਮਰਜ਼ੀ ਹੈ ਪਰ ਹੱਕ ਲੈਣ ਲਈ ਉਹ ਆ ਧਮਕਦੇ ਹਨ ਜਿਸ ਤਰਾਂ ਉਹ ਰਾਹੁਲ ਨੂੰ ਲੈਣ ਲਈ ਆ ਧਮਕਦਾ ਹੈ।

ਇਹ ਹੋਣੀ ਸਿਰਫ ਯਸ਼ੋਧਰਾ ਦੀ ਹੀ ਨਹੀਂ ਹਿੰਦੁਸਤਾਨ ਵਿੱਚ ਸਦੀਆਂ ਤੋਂ ਚੱਲੇ ਆ ਰਹੇ ਮਰਦ ਪ੍ਰਧਾਨ ਸਮਾਜ ਵਿੱਚ ਸੈਂਕੜੇ ਹਜ਼ਾਰਾਂ ਕਬੀਲਿਆਂ ਅਤੇ ਛੋਟੀਆਂ ਰਾਜਾਸ਼ਾਹੀਆਂ ਵਿੱਚ ਸੱਤਾ ਨੂੰ ਬਚਾਉਣ ਲਈ ਚਲਦੇ ਸੰਘਰਸ਼ ਦਰਮਿਆਨ ਔਰਤਾਂ ਦੇ ਅਦਾਨ-ਪ੍ਰਦਾਨ ਦੀ ਵੀ ਹੈ। ਯਸ਼ੋਧਰਾ ਉਨਾਂ ਸੈਂਕੜੇ ਹਜ਼ਾਰਾਂ ਔਰਤਾਂ ਦਾ ਚਿੰਨ੍ਹ ਵੀ ਹੈ ਜਿਹੜੀਆਂ ਕਿ ਸੱਤਾ ਦੀ ਇਸ ਚੱਕੀ ਵਿੱਚ ਸਦੀਆਂ ਤੋਂ ਪਿਸਦੀਆਂ ਆਈਆਂ ਹਨ। ਯਸ਼ੋਧਰਾ ਉਸ ਔਰਤ ਦਾ ਚਿੰਨ ਵੀ ਹੈ ਅਤੇ ਉਹਨਾਂ ਸਾਰੀਆਂ ਔਰਤਾਂ ਨੂੰ ਵੀ ਬਿੰਬਿਤ ਕਰਦੀ ਹੈ ਜਿਨਾਂ ਨੂੰ ਉਹਨਾਂ ਦੇ ਪਤੀ ਸਦੀਆਂ ਤੋਂ ਗਿਆਨ ਦੀ ਪ੍ਰਾਪਤੀ ਲਈ ਛੱਡ ਕੇ ਚਲੇ ਜਾਂਦੇ ਰਹੇ ਹਨ। ਯਸ਼ੋਧਰਾ ਉਨਾਂ ਹਜ਼ਾਰਾਂ ਲੱਖਾਂ ਔਰਤਾਂ ਦੀ ਨੁਮਾਇੰਦਗੀ ਕਰਦੀ ਹੈ ਜਿਨਾਂ ‘ਤੇ ਮਰਦ ਪ੍ਰਧਾਨ ਸਮਾਜ ਸਿਰਫ ਹੱਕ ਜਤਾਉਂਦਾ ਹੈ ਪਰ ਜਦੋਂ ਫਰਜ ਦੀ ਵਾਰੀ ਆਉਂਦੀ ਹੈ ਤਾਂ ਉਹ ਸਨਾਜ ਤੋਂ ਭਾਂਜਵਾਦੀ ਹੋ ਜਾਂਦਾ ਹੈ। ਹਜ਼ਾਰਾਂ ਲੱਖਾਂ ਦਰਦ ਸਹਿੰਦੀ ਹੋਈ ਯਸ਼ੋਧਰਾ ਅੰਤ ਤੱਕ ਅਡੋਲ ਰਹਿੰਦੀ ਹੈ। ਉਸ ਵਿਚਲੀ ਸਹਿਣਸ਼ੀਲਤਾ ਨੂੰ ਦੇਖ ਕੇ ਮਨ ਪਸੀਜ ਜਾਂਦਾ ਹੈ। ਉਸ ਦੀ ਸਾਧਨਾ, ਉਸ ਦੀ ਘਾਲਣਾ, ਉਸ ਦੀ ਸਹਿਣਸ਼ੀਲਤਾ ਅਤੇ ਉਸ ਦਾ ਤਪ ਤਿਆਗ ਹੀ ਸੀ ਕਿ ਉਸ ਨੇ ਆਪਣੀ ਜ਼ਿੰਦਗੀ ਵਿੱਚ ਇੰਨੇ ਦੁੱਖ ਹੰਡਾਏ ਅਤੇ ਸ਼ਾਇਦ ਇਹਨਾਂ ਦੁੱਖਾਂ ਦੇ ਕਰਕੇ ਹੀ ਸਿਧਾਰਥ, ਬੁੱਧ ਬਣਿਆ। ਯਸ਼ੋਧਰਾ ਇਸ ਪ੍ਰਕਾਰ ਔਰਤ ਦੀ ਹੋਣੀ ਦਾ ਮਹਾਂ ਬਿਰਤਾਂਤ ਬਣ ਜਾਂਦੀ ਹੈ ਅਤੇ ਇਸ ਮਹਾਂਬਿਰਤਾਂਤ ਨੂੰ **ਬਲਦੇਵ ਸਿੰਘ** ਨੇ ਆਪਣੇ ਇਸ ਨਾਵਲ ਵਿੱਚ ਬਾਖ਼ੂਬੀ ਨਾਲ ਚਿਤਰਿਆ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਮਨਜ਼ੂਰ ਏਜ਼ਾਜ. ਪੰਜਾਬ ਦਾ ਲੋਕ ਇਤਿਹਾਸ. ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020. ਪੰਨਾ : 82.*
2. *ਪੰਜਾਬੀ ਟ੍ਰਿਬਿਊਨ, 12 ਫ਼ਰਵਰੀ, ਲੁਧਿਆਣਾ.*
3. *ਉਹੀ*
4. *ਬਲਦੇਵ ਸਿੰਘ. ਯਸ਼ੋਧਰਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2024. ਪੰਨਾ : 1.*
5. *ਉਹੀ, ਪੰਨਾ : 74.*
6. *ਉਹੀ, ਪੰਨਾ : 100.*
7. *ਉਹੀ, ਪੰਨਾ : 181.*
8. *ਉਹੀ, ਪੰਨਾ : 18.*